# ਡਿਮੈਂਸ਼ੀਆ ਦੀ ਪਛਾਣ ਹੋਣ ਤੋਂ ਬਾਅਦ ਪੁੱਛਣ ਲਈ ਸਵਾਲ – ਦੇਖਭਾਲ ਕਰਨ ਵਾਲਿਆਂ ਲਈ

**ਅੰਗਰੇਜ਼ੀ ਵਿਚ ਵੀ ਉਪਲਬਧ ਹੈ। Also available in English**

ਇਹ ਸ੍ਰੋਤ ਦੱਖਣੀ ਏਸ਼ੀਅਨ ਭਾਈਚਾਰੇ ਲਈ ਹੈ। ਇਹ ਸ੍ਰੋਤ ਕੈਨੇਡਾ ਦੇ ਦੱਖਣੀ ਏਸ਼ੀਅਨ ਭਾਈਚਾਰੇ ਵਿਚ ਡਿਮੈਂਸ਼ੀਆ ਵਾਲੇ ਲੋਕਾਂ ਦੀ ਦੇਖਭਾਲ ਕਰਨ ਵਾਲਿਆਂ ਨਾਲ ਰਲ ਕੇ ਤਿਆਰ ਕੀਤਾ ਗਿਆ ਸੀ। ਦੇਖਭਾਲ ਕਰਨ ਵਾਲਾ ਪਰਿਵਾਰ ਦਾ ਮੈਂਬਰ, ਦੋਸਤ, ਜਾਂ ਕੋਈ ਹੋਰ ਵਿਅਕਤੀ ਹੋ ਸਕਦਾ ਹੈ ਜਿਹੜਾ ਡਿਮੈਂਸ਼ੀਆ ਵਾਲੇ ਵਿਅਕਤੀ ਦੀ ਮਦਦ ਕਰ ਰਿਹਾ ਹੈ।

## ਡਿਮੈਂਸ਼ੀਆ ਦੀ ਪਛਾਣ ਹੋਣ ਤੋਂ ਬਾਅਦ ਆਪਣੇ ਡਾਕਟਰ ਜਾਂ ਹੋਰ ਹੈਲਥਕੇਅਰ ਪ੍ਰੋਵਾਈਡਰ ਤੋਂ ਪੁੱਛਣ ਲਈ ਸਵਾਲ



ਡਿਮੈਂਸ਼ੀਆ ਵਾਲੇ ਕੁਝ ਲੋਕਾਂ ਅਤੇ ਦੇਖਭਾਲ ਕਰਨ ਵਾਲਿਆਂ ਨੇ ਕਿਹਾ ਹੈ ਕਿ ਜਦੋਂ ਉਨ੍ਹਾਂ ਨੂੰ ਡਿਮੈਂਸ਼ੀਆ ਹੋਣ ਬਾਰੇ ਦੱਸਿਆ ਗਿਆ ਸੀ ਤਾਂ ਇਹ ਗੱਲ ਅਤੇ ਡਾਕਟਰ ਵਲੋਂ ਦਿੱਤੀ ਗਈ ਹੋਰ ਜਾਣਕਾਰੀ ਨੂੰ ਸੁਣਨਾ ਔਖਾ ਸੀ। ਹੋਰਨਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਉਸ ਅਪੌਇੰਟਮੈਂਟ `ਤੇ ਕਾਫੀ ਜਾਣਕਾਰੀ ਨਹੀਂ ਦਿੱਤੀ ਗਈ ਸੀ ਜਾਂ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਕਿਹੜੇ ਸਵਾਲ ਪੁੱਛਣੇ ਹਨ। ਦੇਖਭਾਲ ਕਰਨ ਵਾਲੇ ਅਤੇ ਡਿਮੈਂਸ਼ੀਆ ਵਾਲੇ ਲੋਕ, ਸਵਾਲ ਪੁੱਛਣ ਲਈ ਬਾਅਦ ਦੀ ਅਪੌਇੰਟਮੈਂਟ ਬਣਾਉਣ ਲਈ ਜੋਰਦਾਰ ਸੁਝਾਅ ਦਿੰਦੇ ਹਨ।

ਅਸੀਂ ਉਨ੍ਹਾਂ ਸਵਾਲਾਂ ਦੀ ਇਕ ਲਿਸਟ ਬਣਾਈ ਹੈ ਜਿਹੜੇ ਤੁਸੀਂ ਡਿਮੈਂਸ਼ੀਆ ਦਾ ਪਤਾ ਲੱਗਣ ਤੋਂ ਬਾਅਦ ਆਪਣੇ ਡਾਕਟਰ ਤੋਂ ਪੁੱਛਣਾ ਚਾਹੁੰਦੇ ਹੋ ਸਕਦੇ ਹੋ। ਤੁਹਾਡਾ ਫੈਮਿਲੀ ਡਾਕਟਰ ਤੁਹਾਡੇ ਸਾਰੇ ਸਵਾਲਾਂ ਦੇ ਜਵਾਬ ਦੇਣ ਦੇ ਅਯੋਗ ਹੋ ਸਕਦਾ ਹੈ। ਫੈਮਿਲੀ ਡਾਕਟਰ ਤੋਂ ਇਲਾਵਾ ਹੋਰ ਹੈਲਥ ਜਾਂ ਸੋਸ਼ਲ ਕੇਅਰ ਦੇਣ ਵਾਲਾ, ਜਿਵੇਂ ਕਿ ਕੋਈ ਨਰਸ ਪ੍ਰੈਕਟੀਸ਼ਨਰ, ਸੋਸ਼ਲ ਵਰਕਰ, ਜਾਂ ਅਲਜ਼ਾਈਮਰ ਸੁਸਾਇਟੀ ਦਾ ਸੁਪੋਰਟ ਸਟਾਫ, ਜ਼ਿਆਦਾ ਜਾਣਕਾਰੀ ਦੇਣ ਦੇ ਯੋਗ ਹੋ ਸਕਦਾ ਹੈ। ਤੁਹਾਡੇ ਲਈ ਆਪਣੇ ਖੁਦ ਦੇ ਸਵਾਲ ਲਿਖਣ ਲਈ ਥਾਂ ਵੀ ਹੈ।

## ਮੇਰੇ ਪਰਿਵਾਰ ਦੇ ਮੈਂਬਰ/ਦੋਸਤ ਦੇ ਡਿਮੈਂਸ਼ੀਆ ਦੀ ਪਛਾਣ ਬਾਰੇ ਸਵਾਲ

- ਮੇਰੇ ਪਰਿਵਾਰ ਦੇ ਮੈਂਬਰ/ਦੋਸਤ ਦੇ ਡਿਮੈਂਸ਼ੀਆ ਦੀ ਪਛਾਣ]ਬਾਰੇ ਤੁਹਾਨੂੰ ਕਿੰਨਾ ਕੁ ਪੱਕਾ ਪਤਾ ਹੈ?
- ਕੀ ਉਨ੍ਹਾਂ ਨੂੰ ਸਪੈਸ਼ਲਿਸਟ ਲਈ ਰੈਫਰਲ ਦੀ ਲੋੜ ਪਵੇਗੀ?
- ਕੀ ਉਨ੍ਹਾਂ ਨੂੰ ਕਿਸੇ ਖਾਸ ਕਿਸਮ ਦਾ ਡਿਮੈਂਸ਼ੀਆ ਹੈ? ਇਸ ਕਿਸਮ ਦਾ ਡਿਮੈਂਸ਼ੀਆ ਉਨ੍ਹਾਂ ਦੇ ਦਿਮਾਗ`ਤੇ ਕਿਵੇਂ ਅਸਰ ਕਰਦਾ ਹੈ?
- ਇਸ ਕਿਸਮ ਦੇ ਡਿਮੈਂਸ਼ੀਆ ਦੀਆਂ ਆਮ ਨਿਸ਼ਾਨੀਆਂ ਕੀ ਹਨ?
- ਅਗਲੇ ਸਾਲ, ਅਤੇ ਅਗਲੇ 3 ਸਾਲਾਂ ਵਿਚ ਅਸੀਂ ਕੀ ਹੋਣ ਦੀ ਉਡੀਕ ਕਰ ਸਕਦੇ ਹਾਂ?
- ਕੀ ਸਾਡੇ/ਉਨ੍ਹਾਂ ਦੇ ਬੱਚਿਆਂ ਜਾਂ ਗਰੈਂਡਚਿਲਡਰਨ ਨੂੰ ਡਿਮੈਂਸ਼ੀਆ ਹੋਣ ਦੀ ਜ਼ਿਆਦਾ ਸੰਭਾਵਨਾ ਹੈ?
- ਮੈਨੂੰ ਸਾਡੇ/ਉਨ੍ਹਾਂ ਦੇ ਪਰਿਵਾਰ ਨੂੰ ਕਿਵੇਂ ਅਤੇ ਕੀ ਦੱਸਣਾ ਚਾਹੀਦਾ ਹੈ?

## ਇਲਾਜਾਂ ਬਾਰੇ ਸਵਾਲ

- ਮੇਰੇ ਪਰਿਵਾਰ ਦਾ ਮੈਂਬਰ/ਦੋਸਤ ਉਨ੍ਹਾਂ ਦੀਆਂ ਨਿਸ਼ਾਨੀਆਂ ਨੂੰ ਹੌਲੀ ਕਰਨ ਲਈ ਕੀ ਕਰ ਸਕਦੇ ਹਾਂ?
- ਕੀ ਕੋਈ ਦਵਾਈਆਂ ਹਨ ਜਿਨ੍ਹਾਂ ਦੀ ਤੁਸੀਂ ਸਲਾਹ ਦਿੰਦੇ ਹੋ?
- ਇਨ੍ਹਾਂ ਦਵਾਈਆਂ ਦੇ ਸੰਭਵ ਫਾਇਦੇ ਅਤੇ ਖਤਰੇ/ਸਾਈਡ ਇਫੈਕਟਸ ਕੀ ਹਨ?
- ਕੀ ਕੋਈ ਵਸੀਲੇ ਹਨ ਜਿਹੜੇ ਉਨ੍ਹਾਂ ਦੀਆਂ ਦਵਾਈਆਂ (ਉਦਾਹਰਣ ਲਈ ਬਲਿਸਟਰ ਪੈਕਸ, ਉਨ੍ਹਾਂ ਦਾ ਫਾਰਮਾਸਿਸਟ) ਬੰਦੋਬਸਤ ਕਰਨ ਵਿਚ ਮਦਦ ਕਰ ਸਕਦੇ ਹਨ?
- ਕੀ ਉਨ੍ਹਾਂ ਦੀ ਖੁਰਾਕ ਅਤੇ ਕਸਰਤ, ਜਾਂ ਰਹਿਣ-ਸਹਿਣ ਵਿਚ ਕੋਈ ਹੋਰ ਤਬਦੀਲੀਆਂ ਹਨ ਜਿਨ੍ਹਾਂ ਦੀ ਤੁਸੀਂ ਸਿਫਾਰਸ਼ ਕਰਦੇ ਹੋ?
- ਕੀ ਕੋਈ ਆਕੂਪੇਸ਼ਨਲ ਥੈਰੇਪਿਸਟ ਜਾਂ ਫਿਜ਼ੀਓਥੈਰੇਪਿਸਟ ਇਹ ਤਬਦੀਲੀਆਂ ਕਰਨ ਵਿਚ ਉਨ੍ਹਾਂ ਦੀ ਮਦਦ ਕਰ ਸਕਦਾ ਹੈ? ਜੇ ਕਰ ਸਕਦਾ ਹੈ ਤਾਂ ਕੀ ਤੁਸੀਂ ਉਨ੍ਹਾਂ ਨੂੰ ਰੈਫਰ ਕਰ ਸਕਦੇ ਹੋ?

# ਨਿਸ਼ਾਨੀਆਂ ਅਤੇ ਰੋਜ਼ਮਰਾ ਦੀਆਂ ਸਰਗਰਮੀਆਂ ਬਾਰੇ ਸਵਾਲ

- ਮੇਰੇ ਪਰਿਵਾਰ ਦੇ ਮੈਂਬਰ/ਦੋਸਤ ਨੂੰ ਇਸ ਨਾਲ ਮੁਸ਼ਕਲ ਆ ਰਹੀ ਹੈ …________________________ (ਉਦਾਹਰਣ ਲਈ, ਅਪੌਇੰਟਮੈਂਟਾਂ ਭੁੱਲਣਾ, ਨੀਂਦ, ਗੁਆਚਣਾ, ਆਪਣਾ ਫੋਨ ਵਰਤਣਾ)। ਇਸ ਨੂੰ ਕੰਟਰੋਲ ਕਰਨ ਲਈ ਅਸੀਂ ਕੀ ਕਰ ਸਕਦੇ ਹਾਂ?

- ਕੀ ਉਨ੍ਹਾਂ ਨੂੰ ਗੱਡੀ ਚਲਾਉਣਾ ਬੰਦ ਕਰਨਾ ਪਵੇਗਾ? ਜੇ ਹਾਂ ਤਾਂ ਉਹ ਕਿਵੇਂ ਇਧਰ ਉਧਰ ਜਾਵਾਂਗੇ?

- ਉਹ ਸਰਗਰਮੀਆਂ ਜਾਰੀ ਰੱਖਣ ਲਈ ਉਹ ਕੀ ਕਰ ਸਕਦੇ ਹਾਂ ਜਿਹੜੀਆਂ ਉਨ੍ਹਾਂ ਲਈ ਮਹੱਤਵਪੂਰਨ ਹਨ, ਜਿਵੇਂ ਕਿ …___________ (ਉਦਾਹਰਣ ਲਈ, ਵਾਲੰਟੀਅਰ ਬਣਨਾ, ਗਰੈਂਡਚਿਲਡਰਨ ਦੀ ਸੰਭਾਲ ਕਰਨਾ, ਤੁਰਨ ਜਾਣਾ)?

- ਆਪਣੇ ਪਰਿਵਾਰ ਦੇ ਮੈਂਬਰ/ਦੋਸਤ ਨੂੰ ਕਮਿਊਨਟੀ ਵਿਚ ਸੁਰੱਖਿਅਤ ਰੱਖਣ ਲਈ ਸਾਨੂੰ ਕੀ ਵਿਚਾਰ ਕਰਨਾ ਚਾਹੀਦਾ ਹੈ?

## ਦੇਖਭਾਲ, ਸੇਵਾਵਾਂ ਅਤੇ ਅਗਾਂਹ ਪਲੈਨਿੰਗ ਬਾਰੇ ਸਵਾਲ

- ਪੰਜਾਬੀ ਵਿਚ ਤਰਜਮੇ ਵਿਚ ਆਪਣੀ ਮਦਦ ਲਈ ਕੀ ਮੈਂ ਪਰਿਵਾਰ ਦੇ ਕਿਸੇ ਮੈਂਬਰ ਜਾਂ ਦੋਸਤ ਨੂੰ ਲਿਆ ਸਕਦਾ/ਸਕਦੀ ਹਾਂ?
- ਕੀ ਤੁਸੀਂ ਮੇਰੀ ਅਤੇ ਮੇਰੇ ਪਰਿਵਾਰ ਦੇ ਮੈਂਬਰ/ਦੋਸਤ ਲਈ ਡਿਮੈਂਸ਼ੀਆ ਵਿਚ ਮਦਦ ਕਰਨ ਵਾਲੀਆਂ ਸੇਵਾਵਾਂ ਦੀ ਸਲਾਹ ਦੇ ਸਕਦੇ ਹੋ (ਉਦਾਹਰਣ ਲਈ, ਸਹਾਇਤਾ ਗਰੁੱਪ, ਸਮਾਜਿਕ ਪ੍ਰੋਗਰਾਮ)? ਕੀ ਤੁਸੀਂ ਕੋਈ ਅਜਿਹੀਆਂ ਸੇਵਾਵਾਂ ਤੋਂ ਜਾਣੂ ਹੋ ਜਿਹੜੀਆਂ ਸਭਿਆਚਾਰਕ ਤੌਰ `ਤੇ ਜਾਂ ਪੰਜਾਬੀ ਵਿਚ ਉਪਲਬਧ ਹਨ?
- ਮੇਰੇ ਪਰਿਵਾਰਕ ਮੈਂਬਰ/ਦੋਸਤ ਵਿੱਤੀ ਅਤੇ ਕਾਨੂੰਨੀ ਮਾਮਲਿਆਂ ਬਾਰੇ ਕਿਸ ਨਾਲ ਗੱਲ ਕਰ ਸਕਦੇ ਹਨ (ਉਦਾਹਰਣ ਲਈ, ਮੁਖ਼ਤਾਰਨਾਮਾ, ਵਿੱਤੀ ਪਲੈਨਿੰਗ, ਰੁਜ਼ਗਾਰ ਦੇ ਫਿਕਰ)?
- ਉਨ੍ਹਾਂ ਦੇ /ਉਨ੍ਹਾਂ ਦੀ ਸੇਫਟੀ ਬਾਰੇ ਕੋਈ ਫਿਕਰ ਹੋਣ ਤਾਂਮੇਰੇ ਪਰਿਵਾਰ ਦਾ ਮੈਂਬਰ/ਦੋਸਤ ਕਿਸ ਨਾਲ ਗੱਲ ਕਰ ਸਕਦਾ/ਸਕਦੀ ਹੈ? (ਉਦਾਹਰਣ ਲਈ, ਦੇਖਭਾਲ ਦੀ ਕੁਆਲਟੀ, ਬੁਰੇ ਵਰਤਾਉ ਜਾਂ ਲਾਪਰਵਾਹੀ ਦਾ ਖਤਰਾ)
- ਘਰ ਵਿਚ ਉਨ੍ਹਾਂ ਦੀ ਆਜ਼ਾਦੀ ਵਿਚ ਮਦਦ ਲਈ ਮੇਰੇ ਪਰਿਵਾਰ ਦਾ ਮੈਂਬਰ/ਦੋਸਤ ਹੋਮ ਕੇਅਰ ਦੀਆਂ ਸੇਵਾਵਾਂ ਕਿਵੇਂ ਲੈ ਸਕਦਾ ਹੈ?
- ਕਿਹੜੀ ਗੱਲਬਾਤ ਸਾਨੂੰ ਮੇਰੇ ਪਰਿਵਾਰ ਦੇ ਮੈਂਬਰ/ਦੋਸਤ ਦੀਆਂ ਭਵਿੱਖ ਦੀਆਂ ਪਲੈਨਾਂ ਅਤੇ ਇੱਛਾਵਾਂ ਬਾਰੇ ਕਰਨੀ ਚਾਹੀਦੀ ਹੈ (ਉਦਾਹਰਣ ਲਈ, ਦੇਖਭਾਲ ਦੀਆਂ ਤਰਜੀਹਾਂ, ਸੇਵਾਵਾਂ ਅਤੇ ਮਦਦਾਂ ਬਾਰੇ ਫੈਸਲੇ)?

ਫਾਰਵਰਡ ਵਿਦ ਡਿਮੈਂਸ਼ੀਆ ਉੱਦਮ ਦੇ ਇਸ ਪੜਾ ਲਈ ਫੰਡ ਪਬਲਿਕ ਹੈਲਥ ਏਜੰਸੀ ਔਫ ਕੈਨੇਡਾ ਤੋਂ ਮਿਲੇ ਹਨ।